ਮਿਸਲ ਨੰਬਰ (ਈ-51891 /2023)/(ਪੈ-3)/ 2023 3250 953

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਪ੍ਰਮੋਸ਼ਨ ਸੈੱਲ)

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ/ਐਸਿ)
ਪੰਜਾਬ।

ਮਿਤੀ, ਐਸ.ਏ.ਐਸ.ਨਗਰ- 16/10/2023

ਵਿਸ਼ਾ- ਨਾਨ-ਟੀਚਿੰਗ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ ਪ੍ਰਾਪਤ ਇੰਟਰਸੇ ਸੀਨੀਆਰਤਾ ਸੂਚੀਆਂ ਤੇ ਇਤਰਾਜ਼ ਲੈਣ ਸਬੰਧੀ।

1. ਮੁੱਖ ਦਫ਼ਤਰ ਦੀ ਦਫ਼ਤਰੀ ਅਮਲਾ ਸ਼ਾਖਾ ਵੱਲੋਂ ਖੇਤਰੀ ਦਫ਼ਤਰਾਂ ਵਿੱਚ ਕੰਮ ਕਰਦੇ ਕਲਰਕਾਂ/ਜੂਨੀਅਰ ਸਹਾਇਕਾਂ, ਲਾਇਬ੍ਰੇਰੀਅਨਜ਼/ਸਹਾਇਕ ਲਾਇਬ੍ਰੇਰੀਅਨਜ਼, ਲਾਇਬ੍ਰੇਰੀ ਰਿਸਟੋਰਰ, ਸਟੈਨੋ-ਟਾਈਪਿਸਟ ਅਤੇ ਐਸ.ਐਲ.ਏ. ਦੀਆਂ ਸੰਬੰਧਿਤ ਵਿਸ਼ਾਵਾਰ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ।
2. ਇਹ ਸੀਨੀਆਰਤਾ ਸੂਚੀਆਂ ਹਰੇਕ ਕਾਡਰ ਦੇ ਕਰਮਚਾਰੀਆਂ ਦੀ ਰੈਗੂਲਰ ਹਾਜ਼ਰੀ ਦੀ ਮਿਤੀ ਦੇ ਆਧਾਰ ਤੇ ਤਿਆਰ ਕੀਤੀਆਂ ਗਈਆਂ ਹਨ।
3. ਇੰਨ੍ਹਾਂ ਸੀਨੀਆਰਤਾ ਸੂਚੀਆਂ ਦੀਆਂ ਪੀ.ਡੀ.ਐੱਫ. ਕਾਪੀਆਂ ਇਸ ਪੱਤਰ ਨਾਲ ਨੱਥੀ ਕਰਕੇ ਭੇਜਦਿਆਂ ਲਿਖਿਆ ਜਾਂਦਾ ਹੈ ਕਿ-

(i) ਆਪਣੇ ਅਧੀਨ ਪੈਂਦੇ ਸਮੂਹ ਸਕੂਲ ਮੁਖੀਆਂ ਨੂੰ ਇਹ ਪੀ.ਡੀ.ਐੱਫ. ਕਾਪੀਆਂ ਭੇਜਣੀਆਂ ਯਕੀਨੀ ਬਣਾਈਆਂ ਜਾਣ ਤਾਂ ਜੋ ਹਰੇਕ ਸਕੂਲ ਮੁਖੀ ਉਨ੍ਹਾਂ ਦੇ ਅਧੀਨ ਕੰਮ ਕਰਦੇ ਸਬੰਧਤ ਨਾਨ-ਟੀਚਿੰਗ ਅਮਲੇ ਤੋਂ ਉਸਦੇ ਦਰਜ ਕੀਤੇ ਵੇਰਵੇ ਚੈੱਕ ਕਰਵਾ ਲੈਣ ।

(ii) ਸਮੂਹ ਸਕੂਲ ਮੁਖੀਆਂ ਤੋਂ ਇਹ ਸਰਟੀਫਿਕੇਟ ਲੈ ਲਿਆ ਜਾਵੇ ਕਿ ਉਨ੍ਹਾਂ ਦੇ ਅਧੀਨ ਕੰਮ ਕਰਦੇ ਪਦ-ਉੱਨਤੀ ਦੇ ਯੋਗ ਸਮੂਹ ਕਰਮਚਾਰੀਆਂ ਦੇ ਵੇਰਵੇ ਦਰਜ ਹਨ ਜੋ ਸਹੀ ਹਨ ਅਤੇ ਅਜਿਹਾ ਕੋਈ ਕਰਮਚਾਰੀ ਨਹੀਂ ਰਹਿੰਦਾ ਜੋ ਪਦ-ਉੱਨਤੀ ਦੇ ਯੋਗ ਹੋਵੇ ਅਤੇ ਉਸਦਾ ਨਾਮ ਦਰਜ ਕਰਨ ਤੋਂ ਰਹਿ ਗਿਆ ਹੋਵੇ।

(iii) ਜੇਕਰ ਕਿਸੇ ਕਰਮਚਾਰੀ ਦੇ ਵੇਰਵੇ ਗਲਤ ਹਨ ਤਾਂ ਉਨ੍ਹਾਂ ਦੀ ਸੋਧ ਕਰਨ ਲਈ ਜਾਂ ਜੇਕਰ ਕਿਸੇ ਕਰਮਚਾਰੀ ਦਾ ਨਾਮ ਸੀਨੀਆਰਤਾ ਵਿੱਚ ਸ਼ਾਮਿਲ ਕਰਨ ਤੋਂ ਰਹਿ ਗਿਆ ਹੈ ਤਾਂ ਸਬੰਧਤ ਕਰਮਚਾਰੀਆਂ ਦੇ ਵੇਰਵੇ ਕੇਵਲ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਰਾਹੀਂ ਇਸ ਦਫ਼ਤਰ ਦੀ ਈ-ਮੇਲ dsese.promotion@punjabeducation.gov.in ਤੇ 23.10.2023 ਤੱਕ ਇਸ ਦਫ਼ਤਰ ਨੂੰ ਭੇਜੇ ਜਾਣ। ਨਿਰਧਾਰਿਤ ਸਮੇਂ ਦੇ ਅੰਦਰ ਪ੍ਰਾਪਤ ਨਾ ਹੋਣ ਵਾਲੇ ਇਤਰਾਜ਼ ਅਤੇ ਸਕੂਲ ਮੁਖੀਆਂ ਜਾਂ ਸਬੰਧਤ ਕਰਮਚਾਰੀਆਂ ਵੱਲੋਂ ਸਿੱਧੇ ਈ-ਮੇਲ ਕੀਤੇ ਗਏ ਇਤਰਾਜ਼ ਰਿਕਾਰਡ ਵਿੱਚ ਸੰਮਿਲਿਤ ਨਹੀਂ ਕੀਤੇ ਜਾਣਗੇ। ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਸਬੰਧਤ ਸਕੂਲ ਮੁਖੀਆਂ ਜਾਂ ਕਰਮਚਾਰੀਆਂ ਵੱਲੋਂ ਸਿੱਧੇ ਮੁੱਖ ਦਫ਼ਤਰ ਨੂੰ ਇਤਰਾਜ਼ ਭੇਜੇ ਜਾਂਦੇ ਹਨ ਤਾਂ ਉਨ੍ਹਾਂ ਦੇ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

(iv) ਇੰਨਾਂ ਸੀਨੀਆਰਤਾ ਸੂਚੀਆਂ ਵਿੱਚ ਸ਼ਾਮਿਲ ਅਯੋਗ ਕਰਮਚਾਰੀਆਂ, ਭਾਵ ਜਿੰਨਾ ਦਾ ਪਰਖ ਕਾਲ ਸਮਾਂ ਪਾਰ ਨਹੀਂ ਹੈ, ਵਿੱਦਿਅਕ ਯੋਗਤਾਵਾਂ ਪੂਰੀਆਂ ਨਹੀਂ ਕਰਦਾ ਹੈ, ਆਦਿ ਦੇ ਵੇਰਵੇ ਵੀ ਭੇਜੇ ਜਾਣ। ਮੇਲ ਇੱਕ ਵਾਰ ਹੀ ਕੀਤੀ ਜਾਵੇ ਅਤੇ ਜੇਕਰ ਕੀਤੀ ਗਈ ਮੇਲ ਵਿੱਚ ਵੀ ਕਿਸੇ ਤਰ੍ਹਾਂ ਦੀ ਸੋਧ ਕਰਵਾਉਣੀ ਪੈਂਦੀ ਹੈ ਤਾਂ ਸਮਾਂ ਰਹਿੰਦਿਆਂ ਦਫ਼ਤਰ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ ਸੋਧ ਕਰਵਾਈ ਜਾਵੇ।

(v) ਸਮੂਹ ਵਿਸ਼ਿਆਂ ਦੀਆਂ ਸੀਨੀਆਰਤਾ ਸੂਚੀਆਂ ਵਿੱਚ ਦਰਜ ਕਰਮਚਾਰੀਆਂ ਦਾ ਈ-ਪੰਜਾਬ ਪੋਰਟਲ ਦੇ ਡਾਟਾ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

16/10/2023

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

16/10

ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ-ਅ-11 ()/2023/544 ਮਿਤੀ-16-10-2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜਕੇ ਹਿਦਾਇਤ ਕੀਤੀ ਜਾਂਦੀ ਹੈ ਕਿ ਤਹਿਤ ਦੋਸ਼ੀਆਂ ਦੇ ਮਾਮਲਾ ਦਰਜ ਵਿੱਚ ਪੱਤਰ ਉਪਰੋਕਤ ਹੇਠ ਦਰਸਾਈਆਂ ਦੀ ਸੂਚਨਾ ਇਸ ਦਫਤਰ ਦੀ ਈਮੇਲ ਆਈਡੀ ਤੇ DAVINDERDEOSEBTI@GMAIL.COM ਤੇ ਮਿਤੀ 18/10/2023 ਤੱਕ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਕੱਠੀ ਸੂਚਨਾ ਮੁੱਖ ਦਫਤਰ ਨੂੰ ਭੇਜੀ ਜਾ ਸਕੇ। ਸੂਚਨਾ ਨਾ ਭੇਜਣ ਦੀ ਸੂਰਤ ਵਿੱਚ ਜਿੰਮੇਵਾਰੀ ਸਬੰਧਤ ਮੁਖੀ ਦੀ ਹੋਵੇਗੀ।

16/10/23
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ